**Switchover Helpscheme: PUNJABI**



# ਟੀ ਵੀ ਵਿਚ ਤਬਦੀਲੀ (ਸਵਿੱਚਓਵਰ) ਵਿਚ ਮਦਦ ਕਰਨ ਦੀ ਸਕੀਮ

**ਸਾਡਾ ਕੰਮ ਉਹਨਾਂ ਬਜ਼ੁਰਗਾਂ ਅਤੇ ਨਿਰਯੋਗ ਲੋਕਾਂ ਦੀ ਮਦਦ ਕਰਨਾ ਹੈ ਜਿਹਨਾਂ ਨੂੰ ਆਪਣਾ ਟੀ ਵੀ ਡਿਜੀਟਲ ਕਰਨ ਵਿਚ ਮੁਸ਼ਕਿਲ ਆ ਸਕਦੀ ਹੈ।**

## ਟੀ ਵੀ ਵਿਚ ਤਬਦੀਲੀ ਕਰਕੇ ਇਹਨੂੰ ਡਿਜੀਟਲ ਬਣਾਉਣ ਵਿਚ ਇਕਦਮ ਮਦਦ ਮਿਲ ਸਕਦੀ ਹੈ

ਪੂਰੇ ਯੂ ਕੇ ਵਿਚ ਛੇਤੀ ਹੀ ਟੀ ਵੀ ਡਿਜੀਟਲ ਹੋ ਜਾਏਗਾ ਅਤੇ ਤੁਹਾਡੇ ਇਲਾਕੇ ਵਿਚ ਪੁਰਾਣੀ ਕਿਸਮ ਦਾ ਟੀ ਵੀ ਕੰਮ ਕਰਨਾ ਬੰਦ ਕਰ ਦੇਵੇਗਾ। ਜੇ ਇਹ ਤਬਦੀਲੀ ਆਉਣ ਵੇਲੇ ਤਕ ਤੁਹਾਡੇ ਕੋਲ ਡਿਜੀਟਲ ਟੀ ਵੀ ਨਹੀਂ ਹੋਏਗਾ, ਤਾਂ ਤੁਸੀਂ ਟੀ ਵੀ ਨਹੀਂ ਦੇਖ ਸਕੋਗੇ। ਪਰ ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ, ਤੁਹਾਡੀ ਇਕਦਮ ਮਦਦ ਕਰਨ ਦੀ ਸਕੀਮ ਅਸੀਂ ਬਣਾਈ ਹੋਈ ਹੈ।

### ਇਹ ਮਦਦ ਸਕੀਮ ਕੀ ਕਰਦੀ ਹੈ?

ਜਿਹੜੇ ਲੋਕ ਇਹ ਮਦਦ ਲੈਣ ਦੇ ਹੱਕਦਾਰ ਹਨ ਅਸੀਂ ਉਹਨਾਂ ਦੇ ਟੀ ਵੀ ਸੈੱਟ ਡਿਜੀਟਲ ਬਣਾਉਂਦੇ ਹਾਂ। ਜੇ ਤੁਸੀਂ ਇਹ ਮਦਦ ਲੈਣ ਦੇ ਹੱਕਦਾਰ ਹੋ, ਤਾਂ ਅਸੀਂ ਡਿਜੀਟਲ ਟੀ ਵੀ ਬਾਰੇ ਸਪਸ਼ਟ ਅਤੇ ਸੌਖੇ ਢੰਗ ਨਾਲ ਤੁਹਾਨੂੰ ਸਮਝਾਵਾਂਗੇ। ਅਸੀਂ ਦੱਸਾਂਗੇ ਕਿ ਕਿ ਤੁਸੀਂ ਆਪਣੇ ਲਈ ਕੀ ਕੀ ਚੁਣ ਸਕਦੇ ਹੋ। ਜਿਸ ਚੀਜ਼ ਦੀ ਤੁਹਾਨੂੰ ਲੋੜ ਪਏ, ਉਹ ਚੀਜ਼ ਅਸੀਂ ਤੁਹਾਡੇ ਘਰ ਵਿਚ ਲਾਵਾਂਗੇ। ਅਸੀਂ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਾਂਗੇ ਕਿ ਤੁਸੀਂ ਇਹਦੇ ਕੰਮ ਤੋਂ ਖ਼ੁਸ਼ ਹੋਵੋ।

### ਮੈਨੂੰ ਕਿਵੇਂ ਪਤਾ ਲੱਗੇ ਕਿ ਮੇਰਾ ਟੀ ਵੀ ਡਿਜੀਟਲ ਹੈ ਜਾਂ ਨਹੀਂ?

ਜੇ ਤੁਹਾਡੇ ਟੀ ਵੀ 'ਤੇ ਪੰਜ ਤੋਂ ਵੱਧ ਚੈਨਲ ਆ ਸਕਦੇ ਹਨ, ਤਾਂ ਇਹ ਸ਼ਾਇਦ ਪਹਿਲਾਂ ਹੀ ਡਿਜੀਟਲ ਹੈ। ਪਰ ਜੇ ਤੁਹਾਡਾ ਮੁੱਖ ਟੀ ਵੀ ਸੈੱਟ ਪਹਿਲਾਂ ਹੀ ਡਿਜੀਟਲ ਹੈ, ਤਦ ਵੀ ਅਸੀਂ ਤੁਹਾਡੇ ਘਰ ਵਿਚ ਕਿਸੇ ਹੋਰ ਟੀ ਵੀ ਨੂੰ ਬਦਲ ਕੇ ਡਿਜੀਟਲ ਬਣਾ ਸਕਦੇ ਹਾਂ, ਜਿਵੇਂ ਕਿ ਤੁਹਾਡੇ ਬੈੱਡਰੂਮ ਜਾਂ ਕਿਚਨ ਵਿਚ।

ਅਸੀਂ ਤੁਹਾਡੇ ਟੀ ਵੀ ਨੂੰ ਡਿਜੀਟਲ ਬਣਾਉਣ ਦਾ ਕੰਮ ਸੌਖਾ ਬਣਾ ਸਕਦੇ ਹਾਂ, ਅਤੇ ਤੁਹਾਨੂੰ ਟੀ ਵੀ ਸੈੱਟ ਬਦਲਣ ਦੀ ਲੋੜ ਨਹੀਂ ਪਏਗੀ।

### ਕੀ ਮੈਂ ਇਹ ਮਦਦ ਲੈਣ ਦਾ/ਦੀ ਹੱਕਦਾਰ ਹਾਂ?

ਅਸੀਂ ਹੇਠ ਲਿਖੇ ਸਭ ਲੋਕਾਂ ਦੀ ਮਦਦ ਕਰ ਸਕਦੇ ਹਾਂ:

- 75 ਸਾਲ ਜਾਂ ਵੱਧ ਉਮਰ ਦੇ ਲੋਕ, **ਜਾਂ**
- ਜੋ ਕਿਸੇ ਕੇਅਰ ਹੋਮ ਵਿਚ ਛੇ ਮਹੀਨੇ ਜਾਂ ਵੱਧ ਸਮਾਂ ਰਹੇ ਹਨ, **ਜਾਂ**
- ਜਿਹਨਾਂ ਨੂੰ ਇਹ ਬੈਨੀਫ਼ਿਟ ਮਿਲਦਾ ਹੈ (ਜਾਂ ਮਿਲ ਸਕਦਾ ਹੈ):

- ਡਿਸਏਬਿਲਿਟੀ ਲਿਵਿੰਗ ਅਲਾਉਂਸ, **ਜਾਂ**
- ਅਟੈਂਡੈਂਸ ਜਾਂ ਕੌਂਸਟੈਂਟ ਅਟੈਂਡੈਂਸ ਅਲਾਉਂਸ, **ਜਾਂ**
- ਮੋਬਿਲਿਟੀ ਸਪਲੀਮੈਂਟ, **ਜਾਂ**

• ਰਜਿਸਟਰਡ ਨੇਤਰਹੀਣ ਜਾਂ ਕਮਜ਼ੋਰ ਨਜ਼ਰ ਵਾਲੇ ਲੋਕ

## ਕੀ ਮੈਨੂੰ ਪੈਸੇ ਦੇਣੇ ਪੈਣਗੇ?

ਆਮ ਮਦਦ ਦੇ ਅਸੀਂ ਤੁਹਾਡੇ ਕੋਲੋਂ **£40** ਲਵਾਂਗੇ, ਇਸ ਵਿਚ ਇਹ ਕੁਝ ਸ਼ਾਮਿਲ ਹੈ:

- ਤੁਹਾਡੀਆਂ ਲੋੜਾਂ ਦੇ ਅਨੁਸਾਰ ਸੌਖੀ ਤਰ੍ਹਾਂ ਵਰਤਿਆ ਜਾ ਸਕਣ ਵਾਲਾ ਡਿਜੀਟਲ ਸਾਮਾਨ।
- ਜੇ ਤੁਸੀਂ ਚਾਹੋ ਤਾਂ ਇਹ ਸਾਮਾਨ ਲਾਉਣ ਵਿਚ ਮਦਦ।
- ਏਰੀਅਲ ਨੂੰ ਚੈਕ ਕਰਨਾ ਅਤੇ ਨਵਾਂ ਏਰੀਅਲ ਲਾਉਣਾ, ਜਿੱਥੇ ਅਸੀਂ ਲਾ ਸਕੀਏ।
- ਕੰਮ ਚਲਾ ਕੇ ਦਿਖਾਉਣਾ ਅਤੇ ਤੁਹਾਡੇ ਆਦੀ ਹੋਣ ਤਕ ਤੁਹਾਡੀ ਮਦਦ ਕਰਨ ਲਈ ਕੋਈ ਵਿਅਕਤੀ ਭੇਜਣਾ।

ਜੇ ਤੁਹਾਨੂੰ ਪੈਨਸ਼ਨ ਕ੍ਰੈਡਿਟ, ਇਨਕਮ ਸੁਪੋਰਟ, ਇਨਕਮ-ਰਿਲੇਟਡ ਐਂਪਲਾਇਮੈਂਟ ਅਤੇ ਸੁਪੋਰਟ ਅਲਾਉਂਸ ਜਾਂ ਇਨਕਮ-ਬੇਸਡ ਜੌਬਸੀਕਰਜ਼ ਅਲਾਉਂਸ ਮਿਲਦਾ ਹੈ, ਤਾਂ ਇਹ ਮਦਦ **ਮੁਫ਼ਤ** ਮਿਲਦੀ ਹੈ। ਕੁਝ ਹੋਰ ਪੈਸੇ ਦੇ ਕੇ ਤੁਸੀਂ ਕੁਝ ਹੋਰ ਕਿਸਮ ਦੀ ਮਦਦ ਵੀ ਲੈ ਸਕਦੇ ਹੋ, ਜਿਹਦੇ ਬਾਰੇ ਅਸੀਂ ਤੁਹਾਨੂੰ ਦੱਸ ਸਕਦੇ ਹਾਂ।

ਮਦਦ ਲੈਣ ਲਈ ਜ਼ਰੂਰੀ ਹੈ ਕਿ ਤੁਹਾਡੇ ਕੋਲ ਸਹੀ ਟੀ ਵੀ ਲਾਈਸੰਸ ਹੋਵੇ (ਜੇ ਤੁਹਾਡੀ ਉਮਰ 75 ਸਾਲ ਤੋਂ ਵੱਧ ਹੈ, ਤਾਂ ਇਹ ਮੁਫ਼ਤ ਹੈ)।

## ਹੁਣ ਮੈਨੂੰ ਕੀ ਕਰਨਾ ਚਾਹੀਦਾ ਹੈ?

***ਜੇ ਤੁਸੀਂ ਹੱਕਦਾਰ ਹੋ, ਤਾਂ ਅਸੀਂ ਤੁਹਾਨੂੰ ਕਾਫ਼ੀ ਸਮਾਂ ਪਹਿਲਾਂ ਖ਼ਤ ਲਿਖ ਕੇ ਪੁੱਛਾਂਗੇ ਕਿ ਕੀ ਤੁਸੀਂ ਸਾਥੋਂ ਮਦਦ ਲੈਣਾ ਚਾਹੁੰਦੇ ਹੋ।***

### ਕੀ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜਿਹਨੂੰ ਮਦਦ ਦੀ ਲੋੜ ਹੈ?

ਹੋ ਸਕਦਾ ਹੈ ਕਿ ਤੁਹਾਡੇ ਦੋਸਤਾਂ ਜਾਂ ਪਰਿਵਾਰ ਵਿਚੋਂ, ਜਾਂ ਤੁਹਾਡੇ ਭਾਈਚਾਰੇ ਵਿਚ ਕਿਸੇ ਨੂੰ ਇਹ ਤਬਦੀਲੀ ਕਰਨ ਵਿਚ ਮਦਦ ਲੈਣ ਦੀ ਲੋੜ ਹੋਵੇ। ਜੇ ਇਹ ਗੱਲ ਹੈ, ਤਾਂ ਕਿਰਪਾ ਕਰਕੇ ਇਹ ਜਾਣਕਾਰੀ ਉਹਨਾਂ ਤਕ ਪਹੁੰਚਾ ਦਿਓ।

ਵਧੇਰੇ ਜਾਣਕਾਰੀ ਲੈਣ ਲਈ ਸਾਨੂੰ ਨੰਬਰ **0800 40 85 900** 'ਤੇ ਮੁਫ਼ਤ ਫ਼ੋਨ ਕਰੋ, ਜਾਂ ਸਾਡੀ ਇਹ ਵੈੱਬਸਾਈਟ ਪੜ੍ਹੋ - **helpscheme.co.uk**

ਇਸ ਨੰਬਰ 'ਤੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ ਦੇ 8 ਵਜੇ ਤਕ, ਅਤੇ ਸਨਿੱਚਰ-ਵਾਰ ਅਤੇ ਐਤਵਾਰ ਸਵੇਰੇ 8 ਵਜੇ ਤੋਂ ਸ਼ਾਮ ਦੇ 6 ਵਜੇ ਤਕ ਫ਼ੋਨ ਕੀਤਾ ਜਾ ਸਕਦਾ ਹੈ। ਜੇ ਤੁਸੀਂ ਮੋਬਾਈਲ ਫ਼ੋਨ ਦੀ ਵਰਤੋਂ ਕਰੋਗੇ, ਤਾਂ ਫ਼ੋਨ ਕਰਨ ਦਾ ਖ਼ਰਚ ਵੱਖ ਵੱਖ ਹੋ ਸਕਦਾ ਹੈ।

switchover
help scheme

**Switchover Helpscheme: PUNJABI**

- ਜੇ ਇਹ ਜਾਣਕਾਰੀ ਤੁਹਾਨੂੰ ਕਿਸੇ ਹੋਰ ਰੂਪ ਵਿਚ ਚਾਹੀਦੀ ਹੈ - ਜਿਵੇਂ ਵੱਡੇ ਅੱਖਰਾਂ ਵਿਚ , ਸੌਖੀ ਤਰ੍ਹਾਂ ਪੜ੍ਹੀ ਜਾ ਸਕਣ ਵਾਲੀ ਕਹਾਣੀਆਂ ਦੀ ਕਿਤਾਬ ਦੇ ਰੂਪ ਵਿਚ, ਬ੍ਰਿਟਿਸ਼ ਸਾਈਨ ਲੈਂਗੁਏਜ ਵਿਚ, ਸੁਣਨ ਵਾਲੀ ਸੀ ਡੀ 'ਤੇ ਜਾਂ ਕਿਸੇ ਹੋਰ ਬੋਲੀ ਵਿਚ - ਤਾਂ ਕਿਰਪਾ ਕਰਕੇ ਬਿਨਾਂ ਝਿਜਕ ਸਾਨੂੰ ਇਸ ਨੰਬਰ 'ਤੇ ਮੁਫ਼ਤ ਫ਼ੋਨ ਕਰੋ - **0800 40 85 900.**

- ਜੇ ਤੁਹਾਨੂੰ ਸੁਣਨ ਜਾਂ ਬੋਲਣ ਵਿਚ ਮੁਸ਼ਕਿਲ ਆਉਂਦੀ ਹੈ, ਤਾਂ ਤੁਸੀਂ ਟੈਕਸਟਫ਼ੋਨ ਨੰਬਰ **0800 40 85 936** 'ਤੇ ਸਾਡੇ ਨਾਲ ਮੁਫ਼ਤ ਗੱਲ ਕਰ ਸਕਦੇ ਹੋ।

ਤਬਦੀਲੀ (ਸਵਿੱਚਓਵਰ) ਦੀ ਇਸ ਸਕੀਮ ਨੂੰ ਬੀ ਬੀ ਸੀ ਸਰਕਾਰ ਨਾਲ ਸਮਝੌਤੇ ਰਾਹੀਂ ਚਲਾਉਂਦੀ ਹੈ। ਅਸੀਂ ਬਜ਼ੁਰਗ ਅਤੇ ਨਿਰਯੋਗ ਲੋਕਾਂ ਦੀ ਮਦਦ ਕਰਦੇ ਹਾਂ ਜਿਹਨਾਂ ਨੂੰ ਆਪਣਾ ਟੈਲੀਵਿਯਨ ਡਿਜੀਟਲ ਕਰਨ ਵਿਚ ਮੁਸ਼ਕਿਲ ਆ ਸਕਦੀ ਹੈ।

ਤਬਦੀਲੀ (ਸਵਿੱਚਓਵਰ) ਮਦਦ ਸਕੀਮ ਦਾ ਪ੍ਰਬੰਧ ਇਸ ਕੰਪਨੀ ਵਲੋਂ ਕੀਤਾ ਜਾ ਰਿਹਾ ਹੈ -
Digital Switchover Help Scheme Limited, Carillion Energy Services Limited,
24 Birch Street, Wolverhampton, WV1 4HY.
ਕੰਪਨੀ ਰਜਿਸਟ੍ਰੇਸ਼ਨ ਨੰਬਰ 3858865.

**ਕੀ ਤੁਸੀਂ ਕੋਈ ਸਵਾਲ ਪੁੱਛਣਾ ਹੈ? ਤਾਂ ਨੰਬਰ 0800 40 85 900 'ਤੇ ਫ਼ੋਨ ਕਰੋ, ਜਾਂ ਇਹ ਵੈੱਬਸਾਈਟ ਪੜ੍ਹੋ - helpscheme.co.uk**

switchover help scheme